ਭਾਗ ਲੈਣ ਵਾਲੇ ਲਈ ਕਿਤਾਬਚਾ

# ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰਾਂ (CACs) ਨਾਲ ਪ੍ਰਭਾਵਸ਼ਾਲੀ ਢੰਗ ਨਾਲ ਜੁੜਨਾ



## ਜਾਣ-ਪਛਾਣ

ਇਸ ਦਸਤਾਵੇਜ਼ ਦਾ ਉਦੇਸ਼ ਕਮਿਊਨਿਟੀ ਦੇ ਮੈਂਬਰਾਂ ਲਈ ਇਸ ਸਿਖਲਾਈ ਦੌਰਾਨ ਸ਼ਾਮਲ ਕੀਤੇ ਗਏ ਪਾਠਾਂ ਅਤੇ ਸੋਮਿਆਂ ਨੂੰ ਮਜ਼ਬੂਤ ਬਣਾਉਣ ਲਈ ਇੱਕ ਸੋਮਾ ਬਣਨਾ ਹੈ। ਸਿਖਲਾਈ ਦਾ ਉਦੇਸ਼ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰਾਂ (CACs) ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ, ਕਮਿਊਨਿਟੀ ਐਂਗੇਜਮੈਂਟ ਅਤੇ ਵਾਤਾਵਰਣ ਨਿਆਂ ਬਾਰੇ ਭਾਗੀਦਾਰਾਂ ਦੀ ਸਮਝ ਨੂੰ ਬਿਹਤਰ ਬਣਾਉਣਾ, ਅਤੇ ਸਥਾਨਕ CACs ਅਤੇ ਉਨ੍ਹਾਂ ਦੇ ਸਟਾਫ਼ ਨਾਲ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਅਤੇ ਸੰਚਾਰ ਕਰਨ ਲਈ ਕਮਿਊਨਿਟੀ ਦੇ ਮੈਂਬਰਾਂ ਦੀਆਂ ਯੋਗਤਾਵਾਂ ਨੂੰ ਮਜ਼ਬੂਤ ਬਣਾਉਣਾ ਹੈ।

## ਕਮਿਊਨਿਟੀ ਐਂਗੇਜਮੈਂਟ ਕੀ ਹੁੰਦਾ ਹੈ?

"ਕਮਿਊਨਿਟੀ ਐਂਗੇਜਮੈਂਟ" ਇੱਕ ਰਣਨੀਤਕ ਪ੍ਰਕਿਰਿਆ ਹੈ ਜੋ ਸਥਾਨਕ ਕਮਿਊਨਿਟੀ ਦੇ ਮੈਂਬਰਾਂ ਨੂੰ ਸਿੱਧੇ ਅਤੇ ਸਤਿਕਾਰ ਨਾਲ ਉਨ੍ਹਾਂ ਕਾਰਵਾਈਆਂ ਅਤੇ ਫੈਸਲਿਆਂ ਵਿੱਚ ਸ਼ਾਮਲ ਕਰਦੀ ਹੈ ਜੋ ਉਨ੍ਹਾਂ ਦੀ ਕਮਿਊਨਿਟੀ ਨੂੰ ਸਪੱਸ਼ਟ ਤੌਰ 'ਤੇ ਪ੍ਰਸਾਰ ਕਰਕੇ, ਸਰਗਰਮੀ ਨਾਲ ਉਨ੍ਹਾਂ ਦੀ ਰਾਇ ਸੁਣ ਕੇ, ਚਿੰਤਾਵਾਂ ਦਾ ਜਵਾਬ ਦੇ ਕੇ, ਸਮਾਧਾਨਾਂ ਦਾ ਮੁਲਾਂਕਣ ਕਰਕੇ, ਰਿਸ਼ਤੇ ਬਣਾ ਕੇ, ਅਤੇ ਵਿਸ਼ਵਾਸ ਵਿਕਸਿਤ ਕਰਕੇ ਪ੍ਰਭਾਵਿਤ ਕਰਦੇ ਹਨ।

ਇੱਕ ਕਮਿਊਨਿਟੀ ਮੈਂਬਰ ਦੇ ਤੌਰ 'ਤੇ ਜੋ ਸਥਾਨਕ ਅਧਿਕਾਰੀਆਂ ਨੂੰ ਕਮਿਊਨਿਟੀ ਦੇ ਮੁੱਦਿਆਂ ਅਤੇ ਚਿੰਤਾਵਾਂ ਨੂੰ ਸਮਝਾਉਣਾ ਚਾਹੁੰਦਾ ਹੈ, ਕਮਿਊਨਿਟੀ ਐਂਗੇਜਮੈਂਟ ਦੇ ਯਤਨਾਂ ਵਿੱਚ ਹਿੱਸਾ ਲੈਣ ਨਾਲ ਤੁਹਾਨੂੰ ਇਹ ਕਰਨ ਦੀ ਇਜਾਜ਼ਤ ਮਿਲਦੀ ਹੈ:

- ਦੱਸੋ ਕਿ ਤੁਸੀਂ ਕਿਵੇਂ ਰਹਿੰਦੇ ਹੋ ਅਤੇ ਕੰਮ ਕਰਦੇ ਹੋ, ਅਤੇ ਤੁਹਾਡੇ ਸਹਾਇਤਾ ਪ੍ਰਣਾਲੀਆਂ ਕੀ ਹਨ,
- ਆਪਣੀਆਂ ਚਿੰਤਾਵਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਵਧੇਰੇ ਤਰੀਕੇ ਨਾਲ ਸਾਂਝਾ ਕਰਨਾ, ਅਤੇ
- ਲੋਕਾਂ ਅਤੇ ਵਾਤਾਵਰਣ ਦੀ ਰੱਖਿਆ ਕਰਨ ਵਾਲੀਆਂ ਕਾਰਵਾਈਆਂ ਲਈ CAC ਦਫ਼ਤਰ ਨਾਲ ਕੰਮ ਕਰੋ।

CACs ਨਾਲ ਅਰਥਪੂਰਣ ਐਂਗੇਜਮੈਂਟ ਅਤੇ ਵਿਸ਼ਵਾਸ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ ਕਿ ਤੁਹਾਡੇ ਮੁੱਦਿਆਂ ਅਤੇ ਜ਼ਰੂਰਤਾਂ ਨੂੰ ਉਹ ਧਿਆਨ ਅਤੇ ਸਮਰਥਨ ਮਿਲੇ ਜਿਸਦੇ ਤੁਸੀਂ ਹੱਕਦਾਰ ਹੋ।



## ਕਮਿਊਨਿਟੀ ਐਂਗੇਜਮੈਂਟ ਦੇ ਉਦਾਹਰਨ

ਤੁਸੀਂ ਆਪਣੇ CAC ਨਾਲ ਕਿਵੇਂ ਜੁੜ ਸਕਦੇ ਹੋ ਇਸ ਬਾਰੇ ਇੱਥੇ ਕੁਝ ਉਦਾਹਰਨਾਂ ਦਿੱਤੀਆਂ ਗਈਆਂ ਹਨ:

- CAC ਸਟਾਫ਼ ਨੂੰ ਉਨ੍ਹਾਂ ਦੀਆਂ ਭੂਮਿਕਾਵਾਂ ਅਤੇ ਪ੍ਰੋਗਰਾਮਾਂ ਨੂੰ ਪੇਸ਼ ਕਰਨ ਬਾਰੇ ਇੱਕ ਕਮਿਊਨਿਟੀ-ਅਧਾਰਤ ਸੰਗਠਨ ਮੀਟਿੰਗ ਵਿੱਚ ਸੱਦਾ ਦੇਣਾ,
- ਸਥਾਨਕ ਚਿੰਤਾ 'ਤੇ ਚਰਚਾ ਕਰਨ ਲਈ ਮੀਟਿੰਗ ਦਾ ਪ੍ਰਬੰਧ ਕਰਨ ਲਈ CAC ਦਫ਼ਤਰ ਨੂੰ ਈਮੇਲ ਕਰਨਾ ਜਾਂ ਕਾੱਲ ਕਰਨਾ,
- ਕੀਟਨਾਸ਼ਕ ਦੀਆਂ ਘਟਨਾਵਾਂ ਦੀ ਸਮੇਂ ਸਿਰ ਰਿਪੋਰਟ ਕਰਨਾ,
- CAC ਦੀ ਅਗਵਾਈ ਵਾਲੇ ਸਮਾਗਮਾਂ ਵਿੱਚ ਸ਼ਾਮਲ ਹੋਣਾ,
- CAC ਪਹਿਲਕਦਮੀ ਬਾਰੇ ਰਾਇ ਦੇਣਾ,
- CAC ਪਹਿਲਕਦਮੀ ਲਈ ਕਮਿਊਨਿਟੀ ਸੰਪਰਕ ਸਾਂਝੇ ਕਰਨਾ, ਅਤੇ
- ਸਥਾਨਕ ਸਮਾਗਮਾਂ, ਜਿਵੇਂ ਕਿ ਕਾਉਂਟੀ ਮੇਲਿਆਂ, ਵਿੱਚ CAC ਸਟਾਫ਼ ਨਾਲ ਗੱਲ ਕਰਨਾ।







**ਅਭਿਆਸ:** ਤੁਹਾਡੀਆਂ ਕਮਿਊਨਿਟੀ ਸੰਬੰਧੀ ਮੁੱਖ ਚਿੰਤਾਵਾਂ ਅਤੇ ਤਰਜੀਹਾਂ ਕੀ ਹਨ? ਕਿਰਪਾ ਕਰਕੇ ਉਨ੍ਹਾਂ ਨੂੰ ਹੇਠਾਂ ਸੂਚੀਬੱਧ ਕਰੋ:

- 
- 
- 
- 
- 

## ਵਾਤਾਵਰਣਿਕ ਨਿਆਂ

ਵਾਤਾਵਰਣਿਕ ਨਿਆਂ ਦੀ ਧਾਰਨਾ ਦੇ ਸੰਬੰਧ ਵਿੱਚ ਕਮਿਊਨਿਟੀ ਐਂਗੇਜਮੈਂਟ ਖਾਸ ਤੌਰ 'ਤੇ ਮਹੱਤਵਪੂਰਨ ਹੈ। ਕੈਲੀਫੋਰਨੀਆ ਰਾਜ ਦੇ ਕਾਨੂੰਨ ਦੇ ਤਹਿਤ, ਵਾਤਾਵਰਣਿਕ ਨਿਆਂ ਵਾਤਾਵਰਣ ਸੰਬੰਧੀ ਕਾਨੂੰਨਾਂ, ਨਿਯਮਾਂ ਅਤੇ ਨੀਤੀਆਂ ਦੇ ਵਿਕਾਸ, ਅਪਨਾਉਣ, ਲਾਗੂ ਕਰਨ ਅਤੇ ਪ੍ਰਬੰਧਨ ਕਰਨ ਦੇ ਸੰਬੰਧ ਵਿੱਚ ਸਾਰੀਆਂ ਨਸਲਾਂ, ਸਭਿਆਚਾਰਾਂ ਅਤੇ ਆਮਦਨ ਦੇ ਲੋਕਾਂ ਨਾਲ ਨਿਰਪੱਖ ਵਿਵਹਾਰ ਅਤੇ ਅਰਥਪੂਰਣ ਐਂਗੇਜਮੈਂਟ ਹੈ। (ਸਰਕਾਰੀ ਕੋਡ, § 65040.12, subd.)




<u>ਨਿਰਪੱਖ ਵਿਵਹਾਰ ਦੀ ਪਰਿਭਾਸ਼ਾ ਕੀ ਹੈ?</u>

<u>ਪੇਸ਼ਕਾਰੀ ਵਿੱਚ ਦੱਸੇ ਗਏ ਅਰਥਪੂਰਣ ਐਂਗੇਜਮੈਂਟ ਦੇ ਚਾਰ ਹਿੱਸੇ ਕਿਹੜੇ ਹਨ?</u>

1.

2.

3.

4.

ਵਾਤਾਵਰਣਿਕ ਨਿਆਂ ਜਵਾਬ ਕੁੰਜੀ

***ਨਿਰਪੱਖ ਵਿਵਹਾਰ*** *ਦਾ ਮਤਲਬ ਹੈ ਕਿ ਲੋਕਾਂ ਦੇ ਕਿਸੇ ਵੀ ਸਮੂਹ ਨੂੰ ਉਦਯੋਗਿਕ, ਸਰਕਾਰੀ ਅਤੇ ਵਪਾਰਕ ਕਾਰਜਾਂ ਜਾਂ ਨੀਤੀਆਂ ਦੇ ਨਤੀਜੇ ਵਜੋਂ ਹੋਣ ਵਾਲੇ ਨਕਾਰਾਤਮਕ ਵਾਤਾਵਰਣ ਨਤੀਜਿਆਂ ਦਾ ਅਨੁਪਾਤ ਤੋਂ ਵੱਧ ਹਿੱਸਾ ਨਹੀਂ ਝੱਲਣਾ ਚਾਹੀਦਾ ਹੈ।*

***ਅਰਥਪੂਰਣ ਐਂਗੇਜਮੈਂਟ ਦਾ ਅਰਥ ਹੈ:***

1. *ਲੋਕਾਂ ਕੋਲ ਉਨ੍ਹਾਂ ਗਤੀਵਿਧੀਆਂ ਬਾਰੇ ਫੈਸਲਿਆਂ ਵਿੱਚ ਹਿੱਸਾ ਲੈਣ ਦਾ ਮੌਕਾ ਹੁੰਦਾ ਹੈ ਜੋ ਉਨ੍ਹਾਂ ਦੇ ਵਾਤਾਵਰਣ ਅਤੇ/ਜਾਂ ਸਿਹਤ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ;*
2. *ਜਨਤਾ ਦਾ ਯੋਗਦਾਨ ਰੈਗੂਲੇਟਰੀ ਏਜੰਸੀ ਨੂੰ ਸੂਚਿਤ ਫੈਸਲੇ ਲੈਣ ਵਿੱਚ ਮਦਦ ਕਰ ਸਕਦਾ ਹੈ;*
3. *ਫੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਕਮਿਊਨਿਟੀ ਦੀਆਂ ਚਿੰਤਾਵਾਂ ਬਾਰੇ ਵਿਚਾਰ ਕੀਤਾ ਜਾਵੇਗਾ; ਅਤੇ*
4. *ਫੈਸਲਾ ਲੈਣ ਵਾਲੇ ਸੰਭਾਵੀ ਤੌਰ 'ਤੇ ਪ੍ਰਭਾਵਿਤ ਲੋਕਾਂ ਦੀ ਐਂਗੇਜਮੈਂਟ ਦੀ ਭਾਲ ਕਰਨਗੇ ਅਤੇ ਉਨ੍ਹਾਂ ਨੂੰ ਸੁਵਿਧਾਜਨਕ ਬਣਾਉਣਗੇ।*



## CACs ਕੌਣ ਹੁੰਦੇ ਹਨ?



CAC ਕਾਉਂਟੀ ਦੇ ਸਰਕਾਰੀ ਕਰਮਚਾਰੀ ਹਨ। ਹਰੇਕ ਕਾਉਂਟੀ ਵਿੱਚ ਇੱਕ ਹੁੰਦਾ ਹੈ, ਜਿਸਨੂੰ ਕਾਉਂਟੀ ਬੋਰਡ ਔਫ਼ ਸੁਪਰਵਾਈਜ਼ਰ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ, ਅਤੇ ਉਹ ਸਥਾਨਕ ਕੀਟਨਾਸ਼ਕ ਦੀ ਵਰਤੋਂ ਸੰਬੰਧੀ ਚਿੰਤਾਵਾਂ ਲਈ ਸੰਪਰਕ ਦੇ ਮੁੱਖ ਸੰਪਰਕ ਵਜੋਂ ਕੰਮ ਕਰਦੇ ਹਨ।

ਕੁੱਲ ਮਿਲਾ ਕੇ, CAC ਖੇਤੀਬਾੜੀ ਕਰਨ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਉਨ੍ਹਾਂ ਦੀ ਰੱਖਿਆ ਕਰਦੇ ਹਨ - ਜਿਸ ਵਿੱਚ ਉਤਪਾਦਕ ਅਤੇ ਖੇਤ ਮਜ਼ਦੂਰ ਦੋਵੇਂ ਸ਼ਾਮਲ ਹਨ - ਅਤੇ ਉਹ ਲੋਕਾਂ ਅਤੇ ਵਾਤਾਵਰਣ ਦੀ ਵੀ ਰੱਖਿਆ ਕਰਦੇ ਹਨ। ਉਹ ਕਾਨੂੰਨਾਂ ਅਤੇ ਨਿਯਮਾਂ ਨੂੰ ਲਾਗੂ ਕਰਕੇ ਅਜਿਹਾ ਕਰਦੇ ਹਨ। ਉਹ ਅਕਸਰ ਇੱਕ ਸਹਾਇਕ CAC ਅਤੇ/ਜਾਂ ਇੱਕ ਡਿਪਟੀ CAC ਨਾਲ ਕੰਮ ਕਰਦੇ ਹਨ, ਜੋ ਆਗੂ CAC ਪ੍ਰੋਗਰਾਮਾਂ ਅਤੇ ਗਤੀਵਿਧੀਆਂ ਵਿੱਚ ਮਦਦ ਕਰਦਾ ਹੈ।

ਕਈ ਵਾਰ, CAC ਦਫ਼ਤਰ ਵਿੱਚ ਦੂਜੇ ਸਟਾਫ਼ ਨਾਲ ਜੁੜਨਾ ਮਦਦਗਾਰ ਜਾਂ ਤੇਜ਼ ਹੋ ਸਕਦਾ ਹੈ, ਖਾਸ ਕਰਕੇ ਜੇਕਰ ਤੁਸੀਂ ਮੌਜੂਦਾ CAC ਨਾਲੋਂ ਉਨ੍ਹਾਂ ਨਾਲ ਗੱਲ ਕਰਨ ਵਿੱਚ ਵਧੇਰੇ ਆਰਾਮਦਾਇਕ ਮਹਿਸੂਸ ਕਰਦੇ ਹੋ। ਦਫ਼ਤਰ ਵਿੱਚ ਕਿਸੇ ਮੁੱਖ ਸੰਦੇਸ਼ਵਾਹਕ ਨਾਲ ਸੰਬੰਧ ਵਿਕਸਿਤ ਕਰਨਾ CAC ਦਫ਼ਤਰ ਨਾਲ ਸੰਚਾਰ ਨੂੰ ਬਿਹਤਰ ਬਣਾਉਣ ਅਤੇ ਨੈਵੀਗੇਟ ਕਰਨ ਵਿੱਚ ਮਦਦਗਾਰ ਹੋ ਸਕਦਾ ਹੈ।

## CAC ਕੀ ਕਰਦੇ ਹਨ?

ਹੇਠਾਂ ਦਿਖਾਈ ਗਈ ਸਲਾਈਡ 'ਤੇ ਖਾਲ੍ਹੀ ਥਾਵਾਂ ਭਰੋ।



CAC ਕੀ ਕਰਦੇ ਹਨ? ਜਵਾਬ ਕੁੰਜੀ

*ਸਲਾਈਡ ਦੇ ਜਵਾਬ ਹੇਠਾਂ ਦਿੱਤੇ ਟੈਕਸਟ ਵਿੱਚ ਬੋਲਡ ਅੱਖਰਾਂ ਵਿੱਚ ਲਿੱਖੇ ਦਿੱਸ ਸਕਦੇ ਹਨ।*

*CAC ਦੇ ਕੁਝ ਫਰਜ਼ ਵੀ ਸ਼ਾਮਲ ਹੋ ਸਕਦੇ ਹਨ:*

- *ਖੇਤੀਬਾੜੀ ਵਾਲੀਆਂ ਫਸਲਾਂ ਅਤੇ ਕੀਟਨਾਸ਼ਕ ਦੀ ਵਰਤੋਂ ਦਾ ਨਿਰੀਖਣ (**ਨਿਰੀਖਣ**)*
- *ਕੀਟਨਾਸ਼ਕ ਦੀ ਸੰਭਾਵੀ ਘਟਨਾਵਾਂ ਦੀ ਜਾਂਚ ਕਰਨਾ, ਜਿਵੇਂ ਕਿ ਲੋਕਾਂ ਦਾ ਕੀਟਨਾਸ਼ਕ ਦੇ ਸੰਪਰਕ ਵਿੱਚ ਆਉਣਾ (**ਜਾਂਚ-ਪੜਤਾਲ**)*
- *ਉਲੰਘਣ ਦੇ ਨੋਟਿਸ ਅਤੇ ਜੁਰਮਾਨੇ ਜਾਰੀ ਕਰਨਾ (**ਲਾਗੂ ਕਰਨਾ**)*
- *ਨਰਸਰੀ ਦੇ ਉਤਪਾਦਾਂ ਦੀ ਜਾਂਚ ਕਰਨਾ*
- *ਜਨਤਾ ਨੂੰ ਜਾਣਕਾਰੀ ਪ੍ਰਦਾਨ ਕਰਨਾ (**ਸਿੱਖਿਆ ਅਤੇ ਪਹੁੰਚ**)*

*CAC ਹੋਰ ਪ੍ਰੋਗਰਾਮਾਂ ਦੇ ਨਾਲ-ਨਾਲ ਕੀੜਿਆਂ ਦੀ ਰੋਕਥਾਮ, ਕੀਟ ਪ੍ਰਬੰਧਨ, ਅਤੇ ਖਪਤਕਾਰ ਸੁਰੱਖਿਆ ਸੇਵਾਵਾਂ ਦੇ ਵੀ ਇੰਚਾਰਜ ਹਨ।*

**ਅਭਿਆਸ:** ਸੈਕਸ਼ਨ ਇੱਕ ਵਿੱਚ ਸੰਕਲਿਤ ਆਪਣੀ ਕਮਿਊਨਿਟੀ ਚਿੰਤਾਵਾਂ ਅਤੇ ਤਰਜੀਹਾਂ ਦੀ ਸੂਚੀ ਨੂੰ ਵਾਪਸ ਵੇਖੋ। ਪਛਾਣ ਕਰੋ ਕਿ ਕਿਹੜੀਆਂ ਤਰਜੀਹਾਂ CACs ਨਾਲ ਸੰਬੰਧਿਤ ਹਨ, ਅਤੇ ਕਿਹੜੀਆਂ ਹੋਰ ਏਜੰਸੀਆਂ ਨਾਲ ਸੰਬੰਧਿਤ ਹਨ।

## ਤੁਹਾਡੇ CAC ਨਾਲ ਜੁੜਨ ਲਈ ਸੋਮੇ

| | |
|---|---|
| Resources to Support CAC-Community Connections (CAC-ਕਮਿਊਨਿਟੀ ਕਨੈਕਸ਼ਨਾਂ ਨੂੰ ਸਮਰਥਨ ਦੇਣ ਲਈ ਸਰੋਤ) | Examples of County Agricultural Commissioner roles and responsibilities (ਕਾਉਂਟੀ ਖੇਤੀਬਾੜੀ ਕਮਿਸ਼ਨਰ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਦੀਆਂ ਉਦਾਹਰਣਾਂ) |

## CAC-ਕਮਿਊਨਿਟੀ ਐਂਗੇਜਮੈਂਟ ਦੇ ਟੀਚੇ

### CAC-ਕਮਿਊਨਿਟੀ ਦੀ ਸ਼ਮੂਲੀਅਤ ਦੇ ਉਦੇਸ਼

- ਮਜ਼ਬੂਤ ਰਿਸ਼ਤੇ ਅਤੇ ਵਿਸ਼ਵਾਸ
- ਸਾਂਝਾ ਕਰਨਾ
- ਬਿਹਤਰ ਸੰਚਾਰ ਅਤੇ ਭਾਈਵਾਲੀ
- ਹੱਲਾਂ ਲਈ ਇਕੱਠੇ ਮਿਲ ਕੇ ਕੰਮ ਕਰਨਾ

## CAC ਐਂਗੇਜਮੈਂਟ ਦੀਆਂ ਚੰਗੀਆਂ ਉਦਾਹਰਨਾਂ

### CACs ਨਾਲ ਸਕਾਰਾਤਮਕ ਸ਼ਮੂਲੀਅਤ ਦੀਆਂ ਉਦਾਹਰਣਾਂ

- ਸੰਚਾਰ ਕਰੋ
- ਯੋਗਦਾਨ ਪਾਓ
- ਸੁਣੋ
- ਸਹਿਯੋਗ ਕਰੋ

1-87PestLine 'ਤੇ ਕਾੱਲ ਕਰਕੇ ਜਾਂ ਇਸ PDF ਵਿੱਚ ਆਪਣੇ CAC ਦਾ ਫ਼ੋਨ ਨੰਬਰ ਲੱਭੋ।

## ਕੀਟਨਾਸ਼ਕ ਸੁਰੱਖਿਆ ਅਤੇ ਜਾਗਰੂਕਤਾ



ਕੀਟਨਾਸ਼ਕ ਇੱਕ ਇਹੋ ਜਿਹਾ ਪਦਾਰਥ ਹੁੰਦਾ ਹੈ ਜਿਸਦਾ ਉਦੇਸ਼ ਕਿਸੇ ਕੀੜੇ ਨੂੰ ਕੰਟਰੋਲ ਕਰਨਾ, ਨਸ਼ਟ ਕਰਨਾ, ਦੂਰ ਕਰਨਾ ਜਾਂ ਆਕਰਸ਼ਿਤ ਕਰਨਾ ਹੁੰਦਾ ਹੈ। ਕੋਈ ਵੀ ਜੀਵਤ ਜੀਵ ਜੋ ਨੁਕਸਾਨ ਪਹੁੰਚਾਉਂਦਾ ਹੈ, ਆਰਥਿਕ ਨੁਕਸਾਨ ਕਰਦਾ ਹੈ, ਬਿਮਾਰੀ ਫੈਲਾਉਂਦਾ ਹੈ ਜਾਂ ਬਿਮਾਰੀ ਪੈਦਾ ਹੋਣ ਦਾ ਕਾਰਨ ਬਣਦਾ ਹੈ, ਉਹੀ ਕੀਟ ਨਿਸ਼ਾਨੇ ਤੇ ਹੋ ਸਕਦਾ ਹੈ।

ਕੁਝ ਆਮ ਉਦਾਹਰਨਾਂ ਜੜੀ-ਬੂਟੀ ਨਾਸ਼ਕ, ਕੀਟਨਾਸ਼ਕ ਅਤੇ ਕੀਟਾਣੂਨਾਸ਼ਕ ਹਨ। ਕੀਟਨਾਸ਼ਕ ਦੇ ਹੋਰ ਉਦਾਹਰਨਾਂ ਵਿੱਚ ਮੱਛਰ ਭਜਾਉਣ ਵਾਲੇ, ਹੱਥ ਧੋਣ ਵਾਲੇ ਸੈਨੀਟਾਈਜ਼ਰ ਅਤੇ ਚੂਹੇ ਨਾਸ਼ਕ ਵੀ ਸ਼ਾਮਲ ਹਨ।



ਜਦੋਂ ਕਿ ਕੀਟਨਾਸ਼ਕ ਦੀ ਵਰਤੋਂ ਘਰ ਵਿੱਚ ਵੀ ਕੀਤੀ ਜਾ ਸਕਦੀ ਹੈ, ਕੁਝ ਦੂਜਿਆਂ ਦੀ ਵਰਤੋਂ ਖੇਤੀਬਾੜੀ ਵਰਗੀਆਂ ਥਾਵਾਂ 'ਤੇ ਕੀਤੀ ਜਾ ਸਕਦੀ ਹੈ। ਕੀਟਨਾਸ਼ਕ ਨੂੰ ਲਾਗੂ ਕਰਨ ਦੇ ਵੱਖ-ਵੱਖ ਤਰੀਕਿਆਂ ਵਿੱਚ ਸਲਾਈਡ 'ਤੇ ਦਰਸਾਏ ਗਏ ਤਰੀਕੇ ਸ਼ਾਮਲ ਹਨ:

- ਆਸਮਾਨ ਦੇ ਰਾਹੀ/ਹਵਾ ਵਿੱਚ
  - ਵੱਖ-ਵੱਖ ਉਪਕਰਣ: ਜਹਾਜ਼ (ਤਸਵੀਰ ਵਿੱਚ), ਹੈਲੀਕੌਪਟਰ
- ਰਸਾਇਣੀਕਰਨ/ਸਿੰਚਾਈ
  - ਵੱਖ-ਵੱਖ ਉਪਕਰਣ: ਵੱਖ-ਵੱਖ ਸਿੰਚਾਈ ਪ੍ਰਣਾਲੀਆਂ (ਤਸਵੀਰ ਵਿੱਚ)
- ਜ਼ਮੀਨ
  - ਵੱਖ-ਵੱਖ ਉਪਕਰਣ: ਬੂਮ ਸਪ੍ਰੇਅਰ/ਟਰੈਕਟਰ (ਤਸਵੀਰ ਵਿੱਚ), ਏਅਰ ਬਲਾਸਟ ਸਪ੍ਰੇਅਰ, ਬੈਕਪੈਕ ਸਪ੍ਰੇਅਰ, ਵੈਂਡ ਹੈਂਡ ਸਪ੍ਰੇਅਰ
- ਫਿਊਮਿਗੇਸ਼ਨ
  - ਵੱਖ-ਵੱਖ ਰਸਤੇ: ਇੱਕ ਚੈਂਬਰ ਵਿੱਚ, ਟਾਰਪ ਵਾਲੇ ਡੱਬੇ, ਜਾਂ ਮਿੱਟੀ ਵਿੱਚ ਟੀਕਾ ਲਗਾਉਣਾ (ਤਸਵੀਰ ਵਿੱਚ)
- ਚੋਗਾ ਜਾਂ ਜਾਲ
  - ਵੱਖ-ਵੱਖ ਰਸਤੇ: ਖਿੰਡਿਆ ਹੋਇਆ ਚੋਗਾ, ਚੋਗਾ ਸਟੇਸ਼ਨ, ਲਾਲਚ ਵਿੱਚ ਫਸਾਉਣ ਵਾਲਾ ਜਾਲ

## ਕੀਟਨਾਸ਼ਕ ਨੂੰ ਕੌਣ ਨਿਯੰਤ੍ਰਿਤ ਕਰਦਾ ਹੈ?

ਅਮਰੀਕਾ ਦਾ EPA ਕੀਟਨਾਸ਼ਕ ਦੀ ਵਰਤੋਂ ਸੰਬੰਧੀ ਸੰਘੀ ਕਾਨੂੰਨਾਂ ਲਈ ਨਿਯਮ ਬਣਾਉਂਦਾ ਹੈ। ਦੇਸ਼ ਵਿੱਚ ਵਰਤੋਂ ਤੋਂ ਪਹਿਲਾਂ ਕੀਟਨਾਸ਼ਕ ਨੂੰ EPA ਦੁਆਰਾ ਰਜਿਸਟਰ ਕੀਤਾ ਜਾਣਾ ਲਾਜ਼ਮੀ ਹੈ।

ਹਰੇਕ ਰਾਜ ਵਿੱਚ ਇੱਕ ਏਜੰਸੀ ਹੁੰਦੀ ਹੈ ਜੋ ਸੰਘੀ ਕੀਟਨਾਸ਼ਕ ਨਿਯਮਾਂ ਨੂੰ ਲਾਗੂ ਕਰਨ ਲਈ ਅਮਰੀਕਾ ਦੇ EPA ਨਾਲ ਮਿਲ ਕੇ ਕੰਮ ਕਰਦੀ ਹੈ। ਕੈਲੀਫੋਰਨੀਆ ਵਿੱਚ, ਸੰਘੀ ਕੀਟਨਾਸ਼ਕ ਕਾਨੂੰਨਾਂ ਨੂੰ ਲਾਗੂ ਕਰਨ ਲਈ EPA ਨਾਲ ਕੰਮ ਕਰਨ ਵਾਲੀ ਏਜੰਸੀ ਕੀਟਨਾਸ਼ਕ ਨਿਯਮ ਵਿਭਾਗ (Department of Pesticide Regulation, DPR) ਹੈ।

DPR ਕੀਟਨਾਸ਼ਕ ਦੀ ਵਰਤੋਂ ਸੰਬੰਧੀ ਰਾਜ ਦੇ ਕਾਨੂੰਨਾਂ ਨੂੰ ਲਾਗੂ ਕਰਨ ਲਈ ਰਾਜ ਦੇ ਨਿਯਮ ਬਣਾਉਂਦਾ ਹੈ। ਰਾਜ ਵਿੱਚ ਵਰਤੋਂ ਤੋਂ ਪਹਿਲਾਂ ਕੀਟਨਾਸ਼ਕ ਨੂੰ DPR ਦੁਆਰਾ ਰਜਿਸਟਰ ਕੀਤਾ ਜਾਣਾ ਲਾਜ਼ਮੀ ਹੈ। DPR CAC ਨਾਲ ਵੀ ਭਾਈਵਾਲੀ ਕਰਦਾ ਹੈ, ਜੋ ਸਥਾਨਕ ਤੌਰ 'ਤੇ ਕੀਟਨਾਸ਼ਕ ਕਾਨੂੰਨਾਂ ਨੂੰ ਲਾਗੂ ਕਰਦੇ ਹਨ।

ਕੁਝ ਕੀਟਨਾਸ਼ਕਾਂ ਨੂੰ ਕਾਉਂਟੀ ਵਿੱਚ ਵਰਤੋਂ ਤੋਂ ਪਹਿਲਾਂ CACs ਤੋਂ ਪਰਮਿਟ ਦੀ ਪ੍ਰਵਾਨ ਕੀਤੇ ਜਾਣ ਦੀ ਲੋੜ ਹੁੰਦੀ ਹੈ। CAC ਸਥਾਨਕ ਸਥਿਤੀਆਂ ਦੇ ਆਧਾਰ 'ਤੇ ਕੀਟਨਾਸ਼ਕ ਦੀ ਵਰਤੋਂ 'ਤੇ ਵਾਧੂ ਪਾਬੰਦੀਆਂ ਲਗਾ ਸਕਦੇ ਹਨ।

ਕੈਲੀਫੋਰਨੀਆ ਦੇਸ਼ ਦਾ ਇੱਕੋ-ਇੱਕ ਰਾਜ ਹੈ ਜਿੱਥੇ ਇਸ ਕਿਸਮ ਦੀ ਸਥਾਨਕ ਕੀਟਨਾਸ਼ਕ ਲਾਗੂ ਕਰਨ ਵਾਲੀ ਭਾਈਵਾਲੀ ਹੈ, ਜੋ ਕਿ ਹੋਰ ਬਹੁਤ ਸਾਰੇ ਨਿਰੀਖਣਾਂ ਅਤੇ ਜਾਂਚ-ਪੜਤਾਲਾਂ ਦੀ ਤੇਜ਼ੀ ਨਾਲ ਸ਼ੁਰੂਆਤ ਕਰਨ ਦੀ ਇਜਾਜ਼ਤ ਦਿੰਦਾ ਹੈ।

## ਸਫਲਤਾ ਦੀਆਂ ਕਹਾਣੀਆਂ

**ਅਭਿਆਸ:** ਕੀ ਤੁਸੀਂ ਇਨ੍ਹਾਂ ਤਜ਼ਰਬਿਆਂ ਤੋਂ ਕੋਈ ਅਜਿਹੇ ਵਿਚਾਰ ਸੁਣੇ ਹਨ ਜਿਨ੍ਹਾਂ ਨੂੰ ਤੁਸੀਂ ਆਪਣੇ CAC ਦਫ਼ਤਰ ਨਾਲ ਸਹਿਯੋਗ ਕਰਦੇ ਸਮੇਂ ਅਪਨਾ ਸਕਦੇ ਹੋ? ਕਿਰਪਾ ਕਰਕੇ ਉਨ੍ਹਾਂ ਨੂੰ ਹੇਠਾਂ ਸੂਚੀਬੱਧ ਕਰੋ।

**ਅਭਿਆਸ:** ਆਪਣੀਆਂ ਕਮਿਊਨਿਟੀ ਤਰਜੀਹਾਂ ਵਿੱਚੋਂ ਇੱਕ ਚੁਣੋ ਅਤੇ ਅਜਿਹਾ ਇੱਕ ਕਦਮ ਲਿਖੋ ਜੋ ਤੁਸੀਂ ਆਪਣੇ ਸਰਕਾਰੀ ਨੇਤਾਵਾਂ ਨਾਲ ਜੁੜਨ ਲਈ ਚੁੱਕ ਸਕਦੇ ਹੋ।

## CAC-ਕਮਿਊਨਿਟੀ ਐਂਗੇਜਮੈਂਟ ਅਤੇ ਕੀਟਨਾਸ਼ਕ ਸੋਮੇ






ਵਰਕਸ਼ਾਪ ਦੇ ਅਖੀਰ ਵਿੱਚ, ਕਿਰਪਾ ਕਰਕੇ ਪੇਸ਼ਕਾਰੀ ਤੋਂ ਤੁਹਾਡੀ ਦਿਲਚਸਪੀ ਵਾਲੀਆਂ ਸੰਸਥਾਵਾਂ ਅਤੇ ਸੋਮਿਆਂ ਬਾਰੇ ਕੋਈ ਵੀ ਜਾਣਕਾਰੀ ਲਿਖਣ ਲਈ ਕੁਝ ਪਲ ਕੱਢੋ ਅਤੇ ਵਿਚਾਰ ਕਰੋ।